**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਿਟੀ ਕਾਉਂਸਿਲ ਨੇ 2021 ਵਿੱਚ ਨਵਾਂ ਇਕਵਿਟੀ ਆਫਿਸ ਸ਼ੁਰੂ ਕਰਨ ਲਈ ਪ੍ਰਵਾਨਗੀ ਦਿੱਤੀ

ਬ੍ਰੈਂਪਟਨ, ਓਨਟੈਰੀਓ (18 ਦਸੰਬਰ, 2020) – ਸਿਟੀ ਆਫ ਬ੍ਰੈਂਪਟਨ, ਆਪਣੇ ਕਰਮਚਾਰੀਆਂ ਅਤੇ ਨਾਗਰਿਕਾਂ ਦੀ ਵਰਤੋਂ ਲਈ, ਇਕਵਿਟੀ ਆਫਿਸ (Equity Office) ਦੀ ਨੀਂਹ ਰੱਖ ਕੇ, ਟਰਮ ਆਫ ਕਾਉਂਸਿਲ ਪ੍ਰਾਇਰਿਟੀ: ਬ੍ਰੈਂਪਟਨ ਇੱਕ ਮੋਜੈਕ ਹੈ (Term of Council Priority: Brampton is Mosaic), ਨੂੰ ਅੱਗੇ ਵਧਾ ਰਹੀ ਹੈ। 9 ਦਸੰਬਰ ਨੂੰ, ਸਿਟੀ ਕਾਉਂਸਿਲ (City Council) ਨੇ ਇਸ ਨਵੀਂ ਪਹਿਲਕਦਮੀ ਲਈ ਪ੍ਰਵਾਨਗੀ ਦਿੱਤੀ ਸੀ। ਇਹ ਸਿਟੀ ਦੇ ਡਾਇਵਰਸਿਟੀ ਐਂਡ ਇਨਕਲੂਜਨ ਵਰਕਪਲਾਨ (Diversity & Inclusion Workplan) ਦੇ ਲਾਗੂਕਰਣ ਨੂੰ ਤੇਜ਼ ਕਰੇਗਾ। ਸਿਟੀ ਨੂੰ ਖੁਸ਼ੀ ਹੈ ਕਿ ਇਸ ਵਾਸਤੇ ਉਸਨੂੰ, ਕੈਨੇਡਿਅਨ ਯੂਨੀਅਨ ਆਫ ਪਬਲਿਕ ਇੰਪਲਾਇਜ, ਲੋਕਲ 831 (Canadian Union of Public Employees, Local 831); ਅਮਲਗਮੇਟੇਡ ਟ੍ਰਾਂਜ਼ਿਟ ਯੂਨੀਅਨ, ਲੋਕਲ 1573 (Amalgamated Transit Union, Local 1573); ਅਤੇ ਬ੍ਰੈਂਪਟਨ ਪ੍ਰੋਫੈਸ਼ਨਲ ਫਾਇਰ ਫਾਈਟਰਸ ਐਸੋਸੀਏਸ਼ਨ, ਲੋਕਲ 1068 (Brampton Professional Fire Fighters Association, Local 1068) ਦੇ ਸਾਰੇ ਲੇਬਰ ਭਾਈਵਾਲਾਂ ਦੀ ਸਮਰਪਿਤ ਮਦਦ ਮਿਲ ਰਹੀ ਹੈ।

ਸਿਟੀ ਆਫ ਬ੍ਰੈਂਪਟਨ ਵਿਖੇ ਇਕਵਿਟੀ ਆਫਿਸ, ਜਾਤੀ, ਨਸਲ, ਮੂਲ ਸਥਾਨ, ਰੰਗ, ਜਾਤੀਅਤਾ ਮੂਲ, ਅਪਾਹਜਪੁਣੇ, ਨਾਗਰਿਕਤਾ, ਸੰਪਰਦਾਇ, ਲਿੰਗ, ਜਿਨਸੀ ਨਿਰਧਾਰਨ, ਲਿੰਗ ਸਬੰਧੀ ਪਛਾਣ, ਇੱਕੋ ਲਿੰਗ ਵਾਲੀ ਪਾਰਟਨਰਸ਼ਿਪ, ਉਮਰ, ਵਿਆਹ ਸਬੰਧੀ ਸਥਿਤੀ, ਪਰਿਵਾਰਕ ਸਥਿਤੀ, ਇਮੀਗ੍ਰੈਂਟ ਸਥਿਤੀ, ਜਨਤਕ ਸਹਾਇਤਾ ਦੀ ਪ੍ਰਾਪਤੀ, ਰਾਜਨੀਤਕ ਸਬੰਧ, ਧਾਰਮਿਕ ਸਬੰਧ, ਸਾਖਰਤਾ ਦੇ ਪੱਧਰ, ਭਾਸ਼ਾ ਅਤੇ/ਜਾਂ ਸਮਾਜਿਕ-ਆਰਥਿਕ ਸਥਿਤੀ ਤੇ ਵਿਚਾਰ ਕੀਤੇ ਬਿਨਾਂ, ਕਾਰਜਸਥਾਨ ਅਤੇ ਭਾਈਚਾਰੇ ਵਿੱਚ ਰੁਕਾਵਟਾਂ ਨੂੰ ਪਛਾਣ ਕੇ, ਉਹਨਾਂ ਨੂੰ ਦੂਰ ਕਰਨ ਤੇ ਧਿਆਨ ਕੇਂਦਰਿਤ ਕਰੇਗਾ।

ਹੋਰ ਮਹੱਤਵਪੂਰਣ ਪਹਿਲਕਦਮੀਆਂ ਵਿੱਚ, ਇਹ ਇਸ ਸਾਲ ਸਥਾਪਤ ਕੀਤੀ ਗਈ, ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਦੇ ਨਾਲ-ਨਾਲ, ਇੰਡੀਜੀਨਸ ਰਿਕਨਸਿਲਿਏਸ਼ਨ (Indigenous Reconciliation) ਪ੍ਰੋਜੈਕਟ ਮੇਜਬਾਨੀ ਵੀ ਕਰੇਗਾ।

ਇਕਵਿਟੀ ਆਫਿਸ, ਸਾਰੇ ਵਿਅਕਤੀਆਂ ਲਈ ਨਿਰਪੱਖ ਅਤੇ ਬਰਾਬਰੀ ਦੇ ਵਿਵਹਾਰ ਨੂੰ ਯਕੀਨੀ ਬਣਾਉਣ ਲਈ ਕੰਮ ਕਰੇਗਾ ਅਤੇ ਸਿਟੀ ਦੇ ਅੰਦਰ ਅਤੇ ਇਸਦੇ ਨਿਵਾਸੀਆਂ, ਦੋਵਾਂ ਲਈ ਇਕਸਾਰਤਾ ਵਾਲੇ ਵਾਤਾਵਰਣ ਨੂੰ ਵਧਾਵੇਗਾ।

ਨਵੰਬਰ 2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ, ਇੱਕ ਨਵਾਂ ਪੰਜ-ਸਾਲਾ ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ (Workplace Diversity and Inclusion Strategy and Work Plan) ਸ਼ੁਰੂ ਕੀਤਾ ਸੀ। ਇਹ ਇੱਕ ਵੱਧ ਸ਼ਮੂਲੀਅਤ ਵਾਲੇ ਸੰਗਠਨਾਤਮਕ ਸੱਭਿਆਚਾਰ ਨੂੰ ਵਿਕਸਿਤ ਕਰਨ ਦੇ ਮੌਕਿਆਂ ਬਾਰੇ ਦੱਸਦਾ ਹੈ, ਜੋ ਇੱਥੋਂ ਦੇ ਲੋਕਾਂ ਨੂੰ ਸ਼ਾਮਲ ਕਰਦਾ ਹੈ, ਉਹਨਾਂ ਦਾ ਵਿਕਾਸ ਕਰਦਾ ਹੈ ਅਤੇ ਜਸ਼ਨ ਮਨਾਉਂਦਾ ਹੈ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੈ।

2019 ਵਿੱਚ, ਸਿਟੀ ਕਾਉਂਸਿਲ ਨੇ ਕੈਨੇਡਿਅਨ ਸੈਂਟਰ ਫਾਰ ਡਾਇਵਰਸਿਟੀ ਐਂਡ ਇਨਕਲੂਜਨ (ਸੀ.ਸੀ.ਡੀ.ਆਈ.) (Canadian Centre for Diversity & Inclusion) (CCDI) ਦੀ ਅਗਵਾਈ ਵਾਲੀ ਇੱਕ ਵਰਕਸ਼ਾਪ ਵਿੱਚ ਹਿੱਸਾ ਲਿਆ ਸੀ। ਇਸ ਵਰਕਸ਼ਾਪ ਨੇ ਸਿਟੀ ਦੇ ਕਰਮਚਾਰੀਆਂ ਦੇ ਸਰਵੇਖਣ ਤੇ ਅੰਤਰਦ੍ਰਿਸ਼ਟੀ ਪ੍ਰਦਾਨ ਕੀਤੀ, ਜੋ ਉਹਨਾਂ ਨੇ ਜਨਵਰੀ ਤੋਂ ਮਾਰਚ 2019 ਤੱਕ ਕੀਤਾ ਸੀ। ਸੀ.ਸੀ.ਡੀ.ਆਈ. (CCDI) ਦੇ ਵਿਸ਼ਲੇਸ਼ਣ ਵਿੱਚ ਫੋਕਸ ਗਰੁੱਪਾਂ ਤੋਂ ਪ੍ਰਮਾਣ, ਲੀਡਰਸ਼ਿਪ ਅਸੈਸਮੈਂਟ ਅਤੇ ਸੰਗਠਨਾਤਮਕ ਪਰਿਪੱਕਤਾ ਵਿਸ਼ਲੇਸ਼ਣ ਵੀ ਸ਼ਾਮਲ ਕੀਤਾ ਗਿਆ ਸੀ।

ਇਸ ਕਾਰਜਨੀਤੀ ਦੀਆਂ ਚਾਰ ਤਰਜੀਹਾਂ ਹਨ:

- ਵੰਨ-ਸੁਵੰਨੇ ਕਾਰਜਬਲ ਅਤੇ ਭਾਈਚਾਰੇ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਨਾ, ਜਿਹਨਾਂ ਨੂੰ ਸਿਟੀ ਆਫ ਬ੍ਰੈਂਪਟਨ ਸੇਵਾ ਦਿੰਦੀ ਹੈ
- ਵੱਧ ਸ਼ਮੂਲੀਅਤ ਵਾਲਾ ਵਾਤਾਵਰਣ ਵਿਕਸਿਤ ਕਰਨਾ, ਜਿੱਥੇ ਲੋਕ ਆਪਣੀ ਗੱਲ ਆਖ ਸਕਣ, ਰਹਿ ਸਕਣ ਅਤੇ ਯਤਨ ਕਰ ਸਕਣ
- ਉੱਨਤੀ ਕਰਨ ਲਈ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦੇ ਪ੍ਰਤੀ ਸਾਰੇ ਕਰਮਚਾਰੀਆਂ ਦੀ ਸੁਚੇਤਤਾ ਅਤੇ ਯੋਗਤਾ ਨੂੰ ਵਿਕਸਿਤ ਕਰਨਾ
- ਭਰੋਸਾ, ਏਕਤਾ, ਹਿੰਮਤ ਅਤੇ ਜੋਸ਼ ਜਿਹੇ ਸਿਟੀ ਦੇ ਮੁੱਲਾਂ ਨੂੰ ਕਾਇਮ ਰੱਖ ਕੇ, ਸਾਡੀ ਵਿਲੱਖਣਤਾ ਅਤੇ ਸਾਂਝੀਆਂ ਸਫਲਤਾਵਾਂ ਦਾ ਜਸ਼ਨ ਮਨਾਉਣਾ

ਜੂਨ 2020 ਵਿੱਚ, ਸਿਟੀ ਕਾਉਂਸਿਲ ਨੇ ਐਂਟੀ-ਬਲੈਕ ਨਸਲਵਾਦ ਦੇ ਵਿਰੁੱਧ ਅਰਥਪੂਰਣ ਕਾਰਵਾਈ ਕਰਨ ਲਈ, ਸਿਟੀ ਦੀ ਪਹਿਲੀ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਦੀ ਸ਼ੁਰੂਆਤ ਕੀਤੀ ਸੀ।

ਬ੍ਰੈਂਪਟਨ ਦੇ ਵੰਨ-ਸੁਵੰਨੇ ਬਲੈਕ ਅਫਰੀਕੀ ਅਤੇ ਕੈਰੇਬੀਅਨ ਪ੍ਰਵਾਸੀਆਂ ਵੱਲੋਂ ਨਿਰਦੇਸ਼ਿਤ, ਇਹ ਇਕਾਈ ਅਜਿਹੀਆਂ ਤਰਜੀਹਾਂ ਅਤੇ ਕਾਰਜ ਯੋਜਨਾ ਸਥਾਪਤ ਕਰੇਗੀ, ਜੋ ਬ੍ਰੈਂਪਟਨ ਵਿੱਚ ਬਲੈਕ ਲੋਕਾਂ ਨਾਲ ਪ੍ਰਣਾਲੀਗਤ ਨਸਲਵਾਦ ਨੂੰ ਜੜ੍ਹ ਤੋਂ ਖ਼ਤਮ ਕਰੇ ਅਤੇ ਬਲੈਕ ਭਾਈਚਾਰੇ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸਥਿਤੀ ਨੂੰ ਉੱਚਾ ਚੁੱਕੇ।

ਨਵੰਬਰ 2020 ਵਿੱਚ, ਸਿਟੀ, ਪੰਜ ਗੈਰ-ਲਾਭ ਸਪਲਾਇਰ ਸਰਟੀਫਿਕੇਸ਼ਨ ਸੰਗਠਨਾਂ: ਬਾਇ ਸੋਸ਼ਲ ਕੈਨੇਡਾ (Buy Social Canada); ਕੈਨੇਡਿਅਨ ਐਬਓਰਜਿਨਲ ਐਂਡ ਮਾਈਨੋਰਿਟੀ ਸਪਲਾਇਰ ਕਾਉਂਸਿਲ (Canadian Aboriginal and Minority Supplier Council); ਕੈਨੇਡਿਅਨ ਗੇ ਐਂਡ ਲੈਸਬੀਅਨ ਚੈਂਬਰ ਆਫ ਕਾਮਰਸ (Canadian Gay and Lesbian Chamber of Commerce); ਇਨਕਲੂਸਿਵ ਵਰਕਪਲੇਸ ਸਪਲਾਈ ਕਾਉਂਸਿਲ ਆਫ ਕੈਨੇਡਾ (Inclusive Workplace Supply Council of Canada) ਅਤੇ ਡਬਲਯੂ.ਬੀ.ਈ. ਕੈਨੇਡਾ, ਸਰਟੀਫਾਇਡ ਵੂਮੈਨ ਬਿਜਨੇਸ ਐਂਟਰਪ੍ਰਾਈਸੇਜ (WBE Canada, Certified Women Business Enterprises) ਦੀ ਕਾਰਪੋਰੇਟ ਮੈਂਬਰ ਬਣ ਗਈ ਸੀ। ਅਜਿਹਾ ਸਿਟੀ ਨੇ, ਸਿਟੀ ਦੇ ਖਰੀਦ ਸਬੰਧੀ ਪ੍ਰੋਜੈਕਟਾਂ ਤੇ ਬੋਲੀ ਲਗਾਉਣ ਅਤੇ ਬ੍ਰੈਂਪਟਨ ਵਿੱਚ ਵੱਧ ਕਾਰੋਬਾਰ ਕਰਨ ਲਈ, ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਤੱਕ ਬਰਾਬਰ ਪਹੁੰਚ ਪੈਦਾ ਕਰਨ ਲਈ ਕੀਤਾ ਸੀ। ਇਹਨਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ, ਔਰਤਾਂ, ਇੰਡੀਜੀਨਸ ਲੋਕ, ਪ੍ਰਤੱਖ ਅਲਪ-ਸੰਖਿਅਕ, ਸਾਬਕਾ ਫੌਜੀ, ਅਪਾਹਜਪੁਣੇ ਵਾਲੇ ਵਿਅਕਤੀ, LGBTQ2S-ਮਾਲਕਾਂ ਵਾਲੇ ਸੰਗਠਨ ਅਤੇ ਸਮਾਜਿਕ ਉਦੇਸ਼ ਵਾਲੇ ਐਂਟਰਪ੍ਰਾਈਸੇਜ।

ਸਿਟੀ, 2021 ਦੇ ਸ਼ੁਰੂ ਵਿੱਚ ਇਕਵਿਟੀ ਆਫਿਸ ਦੀ ਸ਼ੁਰੂਆਤ ਬਾਰੇ ਹੋਰ ਵੇਰਵੇ ਜਾਰੀ ਕਰੇਗੀ।

**ਹਵਾਲੇ**

"ਬ੍ਰੈਂਪਟਨ ਇੱਕ ਮੋਜੈਕ ਹੈ। ਅਸੀਂ ਸਿਟੀ ਵਿਖੇ, ਸਾਡੇ ਸਾਰੇ ਪ੍ਰੋਗਰਾਮਾਂ, ਸੇਵਾਵਾਂ ਅਤੇ ਪਹਿਲਕਦਮੀਆਂ ਵਿੱਚ ਵੰਨ-ਸੁਵੰਨਤਾ, ਬਰਾਬਰੀ ਅਤੇ ਸ਼ਮੂਲੀਅਤ ਲਾਗੂ ਕਰਨਾ ਜਾਰੀ ਰੱਖਣ ਲਈ ਵਚਨਬੱਧ ਹਾਂ। ਨਵਾਂ ਇਕਵਿਟੀ ਆਫਿਸ, ਸਿਟੀ ਵਿਖੇ ਅਤੇ ਸਾਡੇ ਵੰਨ-ਸੁਵੰਨੇ ਭਾਈਚਾਰੇ ਦੇ ਅੰਦਰ ਰੁਕਾਵਟਾਂ ਨੂੰ ਪਛਾਣ ਕੇ, ਉਹਨਾਂ ਨੂੰ ਦੂਰ ਕਰਨ ਲਈ ਕੰਮ ਕਰੇਗਾ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਸਾਰੇ ਨਿਵਾਸੀਆਂ ਨਾਲ, ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਕੀਤਾ ਜਾਂਦਾ ਹੈ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਸਾਡੇ ਵੰਨ-ਸੁਵੰਨੇ ਭਾਈਚਾਰੇ ਲਈ ਬਿਨਾਂ ਰੁਕਾਵਟਾਂ ਵਾਲਾ, ਵੱਧ ਬਰਾਬਰੀ ਅਤੇ ਸ਼ਮੂਲੀਅਤ ਵਾਲਾ ਸ਼ਹਿਰ ਬਣਾਉਣ ਲਈ ਲਗਾਤਾਰ ਕਦਮ ਚੁੱਕ ਰਹੀ ਹੈ। ਇਕਵਿਟੀ ਆਫਿਸ, ਸਾਰੇ ਵਿਅਕਤੀਆਂ ਨਾਲ ਨਿਰਪੱਖ ਅਤੇ ਬਰਾਬਰੀ ਵਾਲੇ ਵਿਵਹਾਰ ਨੂੰ ਅਤੇ ਸਿਟੀ ਦੇ ਸਟਾਫ਼ ਅਤੇ ਸਾਰੇ ਬ੍ਰੈਂਪਟਨ ਵਾਸੀਆਂ ਲਈ ਇਕਸਾਰਤਾ ਵਾਲਾ ਵਾਤਾਵਰਣ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ।"

*- ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10, ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਪੂਰੇ 2020 ਵਿੱਚ, ਸਿਟੀ ਨੇ ਸਟਾਫ਼ ਅਤੇ ਨਿਵਾਸੀਆਂ ਲਈ ਰੁਕਾਵਟਾਂ ਦੂਰ ਕਰਨ, ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਦੀ ਸ਼ੁਰੂਆਤ ਕਰਨ ਅਤੇ ਸਰਟੀਫਾਇਡ ਵੰਨ-ਸੁਵੰਨੇ ਕਾਰੋਬਾਰਾਂ ਲਈ, ਬ੍ਰੈਂਪਟਨ ਵਿੱਚ ਵੱਧ ਮੌਕੇ ਪੈਦਾ ਕਰਨ ਲਈ ਕੰਮ ਕੀਤਾ ਹੈ। ਨਵਾਂ ਇਕਵਿਟੀ ਆਫਿਸ, ਦੂਜਾ ਮਹੱਤਵਪੂਰਣ ਕਦਮ ਹੈ, ਜੋ ਇਹ ਯਕੀਨੀ ਬਣਾਉਣ ਵਿੱਚ ਸਾਡੀ ਮਦਦ ਕਰੇਗਾ ਕਿ ਸਾਡੇ ਸ਼ਹਿਰ ਵਿੱਚ ਹਰ ਕਿਸੇ ਨਾਲ ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਕੀਤਾ ਜਾਂਦਾ ਹੈ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਅਸਧਾਰਨ ਤੌਰ ਤੇ ਵੰਨ-ਸੁਵੰਨਾ ਭਾਈਚਾਰਾ ਹੈ। ਸਟਾਫ਼, ਟਰਮ ਆਫ ਕਾਉਂਸਿਲ ਪ੍ਰਾਇਰਿਟੀ: ਬ੍ਰੈਂਪਟਨ ਇੱਕ ਮੋਜ਼ੈਕ ਹੈ, ਨੂੰ ਅੱਗੇ ਵਧਾਉਣਾ ਜਾਰੀ ਰੱਖਣ ਲਈ ਵਚਨਬੱਧ ਹੈ। ਨਵਾਂ ਇਕਵਿਟੀ ਆਫਿਸ, ਸਾਡੀ ਸਿਟੀ ਦੇ ਜਾਰੀ ਕੰਮ ਵਿੱਚ ਅਗਲਾ ਮਹੱਤਵਪੂਰਣ ਕਦਮ ਹੈ, ਤਾਂ ਜੋ ਅਜਿਹਾ ਸ਼ਮੂਲੀਅਤ ਵਾਲਾ ਸੱਭਿਆਚਾਰ ਵਿਕਸਿਤ ਕੀਤਾ ਜਾ ਸਕੇ, ਜੋ ਇੱਥੋਂ ਦੇ ਲੋਕਾਂ ਨੂੰ ਸ਼ਾਮਲ ਕਰਦਾ ਹੋਵੇ, ਉਹਨਾਂ ਦਾ ਵਿਕਾਸ ਕਰਦਾ ਹੋਵੇ ਅਤੇ ਜਸ਼ਨ ਮਨਾਉਂਦਾ ਹੋਵੇ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੋਵੇ। ਮੈਂ, ਇਸ ਮਹੱਤਵਪੂਰਣ ਟੀਚੇ ਵਿੱਚ ਸਹਿਯੋਗ ਕਰਨ ਵਿੱਚ, ਸਿਟੀ ਦੇ ਲੇਬਰ ਭਾਈਵਾਲਾਂ ਦੀ ਮਦਦ ਲਈ ਉਹਨਾਂ ਦਾ ਧੰਨਵਾਦੀ ਹਾਂ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਇਕਵਿਟੀ ਆਫਿਸ ਇਹ ਯਕੀਨੀ ਬਣਾਉਣ ਲਈ ਕੰਮ ਕਰੇਗਾ ਕਿ ਸਿਟੀ ਆਫ ਬ੍ਰੈਂਪਟਨ ਦਾ ਸੰਗਠਨਾਤਮਕ ਭਾਈਚਾਰਾ, ਸਾਡੇ ਸਾਰੇ ਮੈਂਬਰਾਂ ਲਈ ਸ਼ਮੂਲੀਅਤ ਭਰਿਆ ਹੈ। ਅਸੀਂ ਇਸਦੀ ਸ਼ੁਰੂਆਤ ਕਰਨ ਲਈ ਸਿਟੀ ਦੀ ਹਿਮਾਇਤ ਕਰਦੇ ਹਾਂ ਅਤੇ ਉਹ ਵਾਤਾਵਰਣ ਦੇਖਣ ਲਈ ਉਤਸ਼ਾਹਿਤ ਹਾਂ, ਜੋ ਇਹ ਸਟਾਫ਼ ਅਤੇ ਨਿਵਾਸੀਆਂ ਲਈ ਵਿਕਸਿਤ ਕਰੇਗਾ।"

*- ਕੈਨੇਡਿਅਨ ਯੂਨੀਅਨ ਆਫ ਪਬਲਿਕ ਇੰਪਲਾਈਜ, ਲੋਕਲ 831*

"ਅਮਲਗਮੇਟੇਡ ਟ੍ਰਾਂਜ਼ਿਟ ਯੂਨੀਅਨ, ਲੋਕਲ 1573, ਆਪਣੇ ਸਾਰੇ ਮੈਂਬਰਾਂ ਦੇ ਨਿਰਪੱਖ ਅਤੇ ਬਰਾਬਰੀ ਵਾਲੇ ਵਿਵਹਾਰ ਵਿੱਚ ਯਕੀਨ ਰੱਖਦੀ ਹੈ। ਸਾਨੂੰ ਸਿਟੀ ਦੀ ਹਿਮਾਇਤ ਕਰਨ ਤੇ ਮਾਣ ਹੈ ਕਿਉਂਕਿ ਇਹ ਇਕਵਿਟੀ ਆਫਿਸ ਸ਼ੁਰੂ ਕਰ ਰਹੀ ਹੈ ਅਤੇ ਇਸਨੇ ਵੱਧ ਸ਼ਮੂਲੀਅਤ ਵਾਲਾ ਕਾਰਜਸਥਾਨ ਬਣਾਉਣ ਲਈ ਕੰਮ ਜਾਰੀ ਰੱਖਿਆ ਹੋਇਆ ਹੈ।"

*- ਫ੍ਰੈਂਕ ਵਾਨੀ (Frank Vani), ਪ੍ਰੈਜ਼ੀਡੈਂਟ, ਅਮਲਗਮੇਟੇਡ ਟ੍ਰਾਂਜ਼ਿਟ ਯੂਨੀਅਨ, ਲੋਕਲ 1573*

"ਸਿਟੀ ਦਾ ਨਵਾਂ ਇਕਵਿਟੀ ਆਫਿਸ, ਕਾਰਜਸਥਾਨ ਵਿੱਚ ਰੁਕਾਵਟਾਂ ਨੂੰ ਪਛਾਣ ਕੇ, ਉਹਨਾਂ ਨੂੰ ਦੂਰ ਕਰਨ ਤੇ ਧਿਆਨ ਕੇਂਦਰਿਤ ਕਰੇਗਾ ਅਤੇ ਸਾਰਿਆਂ ਲਈ ਇਕਸਾਰਤਾ ਵਾਲਾ ਵਾਤਾਵਰਣ ਪੈਦਾ ਕਰੇਗਾ। ਬ੍ਰੈਂਪਟਨ ਪ੍ਰੋਫੈਸ਼ਨਲ ਫਾਇਰ ਫਾਈਟਰਸ, ਇੰਟਰਨੈਸ਼ਨਲ ਐਸੋਸੀਏਸ਼ਨ ਆਫ ਫਾਇਰ ਫਾਈਟਰਸ, ਲੋਕਲ 1068, ਇਸ ਆਫਿਸ ਦੀ ਸ਼ੁਰੂਆਤ ਲਈ ਸਿਟੀ ਦੀ ਹਿਮਾਇਤ ਕਰਦੀ ਹੈ।"

*- ਪਾੱਲ ਲੈਕੋਂਪਟੇ (Paul Lecompte), ਪ੍ਰੈਜ਼ੀਡੈਂਟ, ਬ੍ਰੈਂਪਟਨ ਪ੍ਰੋਫੈਸ਼ਨਲ ਫਾਇਰ ਫਾਈਟਰਸ, ਇੰਟਰਨੈਸ਼ਨਲ ਐਸੋਸੀਏਸ਼ਨ ਆਫ ਫਾਇਰ ਫਾਈਟਰਸ, ਲੋਕਲ 1068*

-30-

**Media Release**

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca